ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

( ਜਨਰਲ ਭਾਗ–1 )

ਵੱਲ:

1. ਸਾਰੇ ਇੰਜੀ–ਇੰਨ–ਚੀਫ/ਜਨਰਲ ਮੈਨੇਜਰ ਅਤੇ ਮੁੱਖ ਇੰਜੀ:ਪੰ:ਸ:ਪਾ:ਕਾ:ਲਿਮ:ਪਟਿਆਲਾ
2. ਮੁੱਖ/ਪ੍ਰਬੰਧਕੀ, ਪੰ:ਸ:ਪਾ:ਕਾ:ਲਿਮ:, ਪਟਿਆਲਾ
3. ਐਮ.ਪੀ./ਵੀ.ਤੇ ਐਮ. ਪੰ:ਸ:ਪਾ:ਕਾ:ਲਿਮ:,ਪਟਿਆਲਾ
4. ਮੁੱਖ ਲੇਖਾ ਅਫਸਰ, ਪੰ:ਸ:ਪਾ:ਕਾ:ਲਿਮ:, ਪਟਿਆਲਾ
5. ਮੁੱਖ ਪੜ੍ਹਤਾਲਕਾਰ, ਪਟਿਆਲਾ
6. ਐਡਵਾਈਜ਼ਰ/ਵਿੱਤ, ਪਟਿਆਲਾ
7. ਕਾਸਟ ਕੰਟਰੋਲ ਅਤੇ ਰਿਡਕਸ਼ਨ, ਪਟਿਆਲਾ
8. ਕਾਨੂੰਨੀ ਸਲਾਹਕਾਰ, ਪਟਿਆਲਾ
9. ਸਾਰੇ ਉੱਪ ਮੁੱਖ ਇੰਜੀ/ਨਿਗ:ਇੰਜੀ: ਪਟਿਆਲਾ
10. ਸਾਰੇ ਵਧੀਕ ਨਿਗਰਾਨ ਇੰਜੀ/ਸੀਨੀ:ਕਾ:ਕਾ:ਇੰਜੀਨੀਅਰਜ਼, ਪਟਿਆਲਾ
11. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪਟਿਆਲਾ
12. ਸੀਨੀ:ਨਿੱਜੀ ਸਕੱਤਰ ਟੂ ਸੀ.ਐਮ.ਡੀ./ਡਾਇਰੈਕਟਰਜ਼, ਪਟਿਆਲਾ
13. ਸਾਰੇ ਬ੍ਰਾਂਚ ਅਫਸਰ, ਹੈਡ ਆਫਿਸ, ਪਟਿਆਲਾ

ਮੀਮੋ ਨੰ: 4618/5362 /ਜੀਬੀ/ਐਮ–501 ਮਿਤੀ: 21/1/13

ਵਿਸ਼ਾ: 26 ਜਨਵਰੀ 2013 ਨੂੰ ਗਣਤੰਤਰ ਦਿਵਸ ਮਨਾਉਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਣਤੰਤਰ ਦਿਵਸ ਮਨਾਇਆ ਜਾ ਰਿਹਾ ਹੈ। ਝੰਡਾ ਲਹਿਰਾਉਣ ਦੀ ਰਸਮ ਯਾਦਵਿੰਦਰਾ ਸਟੇਡੀਅਮ, ਪਟਿਆਲਾ ਵਿਖੇ ਹੋਵੇਗੀ। ਇਸ ਲਈ ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਜੀ ਦੇ ਅਧੀਨ ਕੰਮ ਕਰਦੇ ਸਾਰੇ ਅਧਿਕਾਰੀ/ਕਰਮਚਾਰੀ ਮਿਤੀ: 26.1.2013 ਨੂੰ ਸਵੇਰੇ 9.30 ਵਜੇ ਯਾਦਵਿੰਦਰਾ ਸਟੇਡੀਅਮ, ਪਟਿਆਲਾ ਵਿਖੇ ਹਰ ਹਾਲਤ ਵਿੱਚ ਪਹੁੰਚਣ ਅਤੇ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੇ ਨਾਂ ਅਤੇ ਅਹੁੱਦੇ ਦੀਆਂ ਸੂਚੀਆਂ ਕਾਰਪੋਰੇਸ਼ਨ ਵਲੋਂ ਨਿਯੁਕਤ ਨੌਡਲ ਅਫਸਰ ਸ੍ਰੀ ਕੇ. ਐਸ. ਹਰਖੀ, ਅਧੀਨ ਸਕੱਤਰ/ਤਾਲਮੇਲ, ਪੰ:ਸ: ਪਾ: ਕਾ:ਲਿਮ:ਪਟਿਆਲਾ ਨੂੰ ਤੁਰੰਤ ਪਹੁੰਚਾ ਦਿੱਤੀਆਂ ਜਾਣ। ਇਸਤੋਂ ਇਲਾਵਾ ਮੁੱਖ ਇੰਜੀਨੀਅਰ ਆਪਣੇ ਅਧੀਨ ਸਾਰੇ ਅਧਿਕਾਰੀਆਂ(ਕਲਾਸ–1) ਦੀ ਸੂਚੀ ਸਿੱਧੇ ਤੌਰ ਤੇ ਜੀ.ਏ. ਟੂ ਡੀ. ਸੀ., ਪਟਿਆਲਾ ਨੂੰ ਮਿਤੀ:24.1.2013 ਤੋਂ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨ, ਤਾਂ ਜੋ ਉਨਾਂ ਦੇ ਅਹੁੱਦੇ ਅਨੁਸਾਰ ਸਟੇਡੀਅਮ ਵਿੱਚ ਸੀਟਾਂ ਦਾ ਪ੍ਰਬੰਧ ਕੀਤਾ ਜਾ ਸਕੇ।

ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀ ਹਾਜ਼ਰੀ ਰਿਪੋਰਟ ਹਰੇਕ ਸੁਪਰਵਾਈਜ਼ਰ/ਸੈਕਸ਼ਨ ਦੇ ਮੁੱਖੀ ਲਗਾਉਣ ਉਪਰੰਤ ਆਪਣੇ ਕੰਟਰੋਲਿੰਗ ਅਫਸਰ ਕੋਲ ਭੇਜਣਗੇ। ਸਾਰੇ ਕੰਟਰੋਲਿੰਗ ਅਫਸਰ ਇਸ ਤਰ੍ਹਾਂ ਇਕੱਤਰ ਕੀਤੀ ਹਾਜ਼ਰੀ ਰਿਪੋਰਟ ਨੌਡਲ ਅਫਸਰ ਸ੍ਰੀ ਕੇ.ਐਸ.ਹਰਖੀ, ਅਧੀਨ ਸਕੱਤਰ/ਤਾਲਮੇਲ ਨੂੰ ਉਸੇ ਸਮੇਂ ਹੀ ਦੇਣ ਦੀ ਕ੍ਰਿਪਾਲਤਾ ਕਰਨ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਿਸੇ ਅਧਿਕਾਰੀ/ਕਰਮਚਾਰੀ ਨੂੰ ਇਸ ਦਿਨ ਦੀ ਛੁੱਟੀ/ਸਟੇਸ਼ਨ ਲੀਵ ਨਾ ਦਿੱਤੀ ਜਾਵੇ। ਕਿਸੇ ਨੂੰ ਜੇਕਰ ਮਜ਼ਬੂਰੀ ਕਾਰਨ ਸਟੇਸ਼ਨ ਲੀਵ ਦੀ ਅਤਿਅੰਤ ਲੋੜ ਹੋਵੇ ਤਾਂ ਐਡੀ:ਡੀ.ਸੀ.,ਪਟਿਆਲਾ ਦੀ ਪ੍ਰਵਾਨਗੀ ਨਾਲ ਹੀ ਮੰਨਜ਼ੂਰੀ ਕੀਤੀ ਜਾ ਸਕੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

21/1/13

ਅਧੀਨ ਸਕੱਤਰ/ਜਨਰਲ,
ਪੰ:ਸ:ਪਾ:ਕਾ:ਲਿਮ: ਪਟਿਆਲਾ

ਸੀ.ਸੀ.

ਉਪ ਮੁੱਖ ਇੰਜੀ/ਆਈ.ਟੀ.,ਪੰ:ਸ:ਪਾ:ਕਾ:ਲਿਮ: ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਇੰਟਰਨੈਟ ਤੇ ਅਪਲੋਡ ਕੀਤਾ ਜਾਵੇ ਜੀ।